ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਐਸ.ਏ.ਐਸ. ਨਗਰ

(ਸੇਵਾਵਾਂ 1 ਸ਼ਾਖਾ)

ਸੇਵਾ ਵਿਖੇ

ਰਾਜ ਦੇ ਸਮੂਹ ਮੰਡਲ ਸਿੱਖਿਆ ਅਫ਼ਸਰ।

ਮੀਮੋ ਨੰ: 14/49-16ਸੇ1(6)
ਮਿਤੀ, ਐਸ.ਏ.ਐਸ. ਨਗਰ: 19.02.2016

ਵਿਸ਼ਾ:- ਪੀ.ਈ.ਐਸ. ਗਰੁੱਪ-ਏ. ਦੇ ਅਧਿਕਾਰੀਆਂ ਦਾ ਵੇਰਵਾ ਭੇਜਣ ਬਾਰੇ।

ਇਸ ਸਬੰਧੀ ਲਿਖਿਆ ਜਾਂਦਾ ਹੈ ਕਿ ਆਪ ਦੇ ਮੰਡਲ ਅਧੀਨ ਕੰਮ ਕਰਦੇ ਪੀ.ਈ.ਐਸ. ਗਰੁੱਪ-ਏ. ਅਧਿਕਾਰੀਆਂ ਦੇ ਵੇਰਵੇ ਨਾਲ ਨੱਥੀ ਪ੍ਰੋਫਾਰਮਿਆਂ ਅਨੁਸਾਰ ਸੂਚਨਾਂ ਇਸ ਦਫ਼ਤਰ ਦੀ ਈ.ਮੇਲ ਆਈ. ਡੀ. ss1dpise@gmail.com ਤੇ ਕੰਨਸੋਲੀਡੇਟਡ ਰੂਪ ਵਿੱਚ Excel ਸ਼ੀਟ ਤੇ Joy font ਵਿੱਚ ਟਾਈਪ ਕਰਕੇ ਮਿਤੀ 29.02.2016 ਤੱਕ ਭੇਜੀ ਜਾਵੇ।

ਆਪ ਨੂੰ ਇਹ ਵੀ ਲਿਖਿਆ ਜਾਂਦਾ ਹੈ ਕਿ ਜਿਨ੍ਹਾਂ ਸ਼ਿਕਾਇਤਾਂ ਤੇ ਆਪ ਨੂੰ ਪੜਤਾਲ ਕਰਨ ਲਈ ਲਿਖਿਆ ਗਿਆ ਹੈ, ਉਨ੍ਹਾਂ ਤੇ ਰਿਪੋਰਟ ਮਿੱਥੇ ਸਮੇਂ ਦੇ ਅੰਦਰ-ਅੰਦਰ ਭੇਜੀ ਜਾਵੇ। ਇਸੇ ਤਰ੍ਹਾਂ ਸੰਗਤ ਦਰਸ਼ਨ / ਪਬਲਿਕ ਗਰੀਵੀਐਂਸ ਦੇ ਕੇਸਾਂ ਸਬੰਧੀ ਜੋ ਵੀ ਰਿਪੋਰਟ / ਟਿੱਪਣੀ ਆਪ ਪਾਸੋਂ ਮੰਗੀ ਜਾਂਦੀ ਹੈ ਉਸ ਤੇ ਤੁਰੰਤ ਕਾਰਵਾਈ ਕਰਦੇ ਹੋਏ ਸੂਚਨਾ ਮਿੱਥੇ ਸਮੇਂ ਦੇ ਅੰਦਰ-ਅੰਦਰ ਭੇਜਣੀ ਯਕੀਨੀ ਬਣਾਈ ਜਾਵੇ। ਇਹ ਸੂਚਨਾ ਤਿਆਰ ਕਰਦੇ ਸਮੇਂ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) / (ਐ.ਸਿ.), ਪ੍ਰਿੰਸੀਪਲ ਸਰਕਾਰੀ ਇਨ ਸਰਵਿਸ ਟ੍ਰੇਨਿੰਗ ਸੈਂਟਰਜ਼, ਪ੍ਰਿੰਸੀਪਲ ਡਾਈਟਸ ਅਤੇ ਹੋਰ ਸਬੰਧਤ ਸੰਸਥਾਵਾਂ ਵਿੱਚ ਕੰਮ ਕਰਦੇ ਪੀ.ਈ.ਐਸ. ਗਰੁੱਪ-ਏ. ਅਧਿਕਾਰੀਆਂ ਦੇ ਨਾਮ ਵੀ ਸ਼ਾਮਿਲ ਕਰ ਲਏ ਜਾਣ। ਇਹ ਵੀ ਯਕੀਨੀ ਬਣਾ ਲਿਆ ਜਾਵੇ ਕਿ ਮੰਗੀ ਗਈ ਸੂਚਨਾ ਨਿਰਧਾਰਤ ਸਮੇਂ ਦੇ ਅੰਦਰ-ਅੰਦਰ ਇਸ ਦਫ਼ਤਰ ਵਿੱਚ ਪੁੱਜਦੀ ਕੀਤੀ ਜਾਵੇ ਕਿਉਂ ਜੋ ਇਸ ਸਬੰਧੀ ਰਿਪੋਰਟ ਸਰਕਾਰ ਨੂੰ ਭੇਜੀ ਜਾਣੀ ਹੈ।

ਨੱਥੀ : ਉਕਤ ਅਨੁਸਾਰ।

ਰਜਿਸਟਰਾਰ ਸਿੱਖਿਆ ਵਿਭਾਗ

ਪਿੱਠ ਅੰਕਣ ਨੰ:

ਮਿਤੀ: 19.02.2016

ਉਤਾਰਾ ਰਾਜ ਦੇ ਸਮੂਹ ਜ਼ਿਲਾ ਸਿੱਖਿਆ ਅਫ਼ਸਰ (ਸੈ.ਸਿ.) / ਜ਼ਿਲਾ ਸਿੱਖਿਆ ਅਫ਼ਸਰ (ਐ.ਸਿ.) ਅਤੇ ਸਮੂਹ ਪ੍ਰਿੰਸੀਪਲ ਇਨ ਸਰਵਿਸ ਟ੍ਰੇਨਿੰਗ ਸੈਂਟਰ, ਪ੍ਰਿੰਸੀਪਲ ਡਾਈਟਸ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪਣੀ ਸੂਚਨਾ ਅਤੇ ਆਪ ਅਧੀਨ ਕੰਮ ਕਰਦੇ ਪੀ.ਈ.ਐਸ. ਅਧਿਕਾਰੀਆਂ ਦੀ ਸੂਚਨਾ ਆਪਣੇ ਮੰਡਲ ਸਿੱਖਿਆ ਅਫ਼ਸਰ ਨੂੰ ਮਿਤੀ 26.02.2016 ਤੱਕ ਹਰ ਹਾਲਤ ਵਿੱਚ ਭੇਜੀ ਜਾਵੇ।

ਰਜਿਸਟਰਾਰ ਸਿੱਖਿਆ ਵਿਭਾਗ

ਮਿਤੀ 23-2-16

P-2

## ਪ੍ਰੋਫਾਰਮਾ ੳ

(ਤੈਨਾਤੀ ਦਾ ਵੇਰਵਾ)

| ਲੜੀ ਨੰ: | ਅਧਿਕਾਰੀ ਦਾ ਨਾਂ ਅਤੇ ਕੰਮ ਕਰਨ ਦੀ ਥਾਂ | ਜ਼ਿਲਾ | ਪੀ.ਈ.ਐਸ. ਗਰੁੱਪ-ਏ. ਵਿੱਚ ਤਰੱਕੀ ਦੀ ਮਿਤੀ | ਕਿਸ ਵਰਗ ਨਾਲ ਸਬੰਧ ਰੱਖਦਾ ਹੈ | ਜਨਮ ਮਿਤੀ | ਰਿਟਾਇਰਮੈਂਟ ਦੀ ਮਿਤੀ | ਵਿਸ਼ੇਸ਼ ਕਥਨ |
|---|---|---|---|---|---|---|---|
| 1. | | | | | | | |

## ਪ੍ਰੋਫਾਰਮਾ ਅ

(ਜਿਨ੍ਹਾਂ ਪੀ.ਈ.ਐਸ਼. ਗਰੁੱਪ-ਏ. ਅਧਿਕਾਰੀਆਂ ਨੂੰ ਦੋਸ਼ ਸੂਚੀ ਜਾਰੀ ਕੀਤੀ ਗਈ ਹੈ)

| ਲੜੀ ਨੰ: | ਅਧਿਕਾਰੀ ਦਾ ਨਾਂ ਅਤੇ ਕੰਮ ਕਰਨ ਦੀ ਥਾਂ | ਜ਼ਿਲਾ | ਸਰਕਾਰ ਵੱਲੋਂ ਜਾਰੀ ਕੀਤੀ ਦੋਸ਼ ਸੂਚੀ ਦਾ ਨੰਬਰ ਅਤੇ ਮਿਤੀ | ਇਸ ਦਫ਼ਤਰ ਦੀ ਮਿਸਲ ਦਾ ਨੰਬਰ | ਜੇਕਰ ਪੜਤਾਲੀਆ ਅਫ਼ਸਰ ਲਗ ਚੁੱਕਾ ਹੈ ਤਾਂ ਹੁਕਮ ਨੰ: / ਮਿਤੀ | ਵਿਸ਼ੇਸ਼ ਕਥਨ |
|---|---|---|---|---|---|---|
| 1. | | | | | | |